# India and Pakistan exchanged list of Nuclear Installations

January 01, 2021

---

## ਭਾਰਤ ਅਤੇ ਪਾਕਿਸਤਾਨ ਵਿਚਾਲੇ ਪਰਮਾਣੂ ਸਥਾਪਨਾਵਾਂ ਦੀ ਸੂਚੀ ਦਾ ਵਟਾਂਦਰਾ

1 ਜਨਵਰੀ, 2021

ਭਾਰਤ ਅਤੇ ਪਾਕਿਸਤਾਨ ਨੇ ਅੱਜ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਖੇ ਕੂਟਨੀਤਕ ਚੈਨਲਾਂ ਰਾਹੀਂ ਇੱਕੋ ਸਮੇਂ ਪਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਦੀ ਸੂਚੀ ਦਾ ਵਟਾਂਦਰਾ ਕੀਤਾ। ਇਹ ਵਟਾਂਦਰਾ ਭਾਰਤ ਅਤੇ ਪਾਕਿਸਤਾਨ ਵਿਚਾਲੇ ਪਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਉੱਤੇ ਹਮਲਾ ਕਰਨ ਦੀ ਮਨਾਹੀ ਬਾਰੇ ਹੋਏ ਸਮਝੌਤੇ ਤਹਿਤ ਕੀਤਾ ਗਿਆ।

ਇਸ ਸਮਝੌਤੇ ਤਹਿਤ, ਜਿਸ 'ਤੇ 31 ਦਸੰਬਰ 1988 ਨੂੰ ਹਸਤਾਖਰ ਹੋਏ ਸਨ ਅਤੇ ਜੋ 27 ਜਨਵਰੀ, 1991 ਨੂੰ ਲਾਗੂ ਹੋਇਆ ਸੀ, ਵਿੱਚ ਹੋਰਨਾਂ ਗੱਲਾਂ ਤੋਂ ਛੁੱਟ ਇਹ ਕਿਹਾ ਗਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਇਕ-ਦੂਜੇ ਨੂੰ ਹਰ ਕੈਲੰਡਰ ਸਾਲ ਦੀ ਜਨਵਰੀ ਦੀ ਪਹਿਲੀ ਤਾਰੀਖ ਨੂੰ ਸਮਝੌਤੇ ਹੇਠ ਕਵਰ ਹੋਣ ਵਾਲੀਆਂ ਪਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਬਾਰੇ ਦੱਸਣਗੇ। ਇਸ ਸਾਲ ਹੋਇਆ ਵਟਾਂਦਰਾ ਦੋਹਾਂ ਦੇਸ਼ਾਂ ਵਿਚਾਲੇ ਇਸ ਤਰ੍ਹਾਂ ਦਾ 30ਵਾਂ ਵਟਾਂਦਰਾ ਹੈ, ਜੋ ਪਹਿਲੀ ਵਾਰ 1 ਜਨਵਰੀ, 1992 ਨੂੰ ਹੋਇਆ ਸੀ।

ਨਵੀਂ ਦਿੱਲੀ

1 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.